
# ਪਰਿਵਾਰਾਂ ਲਈ ਮੈਥ

## ਆਪਣੇ ਬੱਚੇ ਦੀ ਘਰ ਵਿਚ ਮੈਥ ਵਿਚ ਮਦਦ ਕਰਨਾ

ਬੀ.ਸੀ. ਅਰਲੀ ਨਿਊਮਰੇਸੀ ਪ੍ਰੋਜੈਕਟ
ਕਿੰਡਰਗਾਰਟਨ - ਗਰੇਡ 1



AchieveBC

## ਪਰਿਵਾਰਾਂ ਲਈ ਮੈਥ: ਆਪਣੇ ਬੱਚੇ ਦੀ ਘਰ ਵਿਚ ਮੈਥ ਵਿਚ ਮਦਦ ਕਰਨਾ

ਅਧਿਆਪਕ ਬੱਚਿਆਂ ਦੀ ਸਕੂਲ ਵਿਚ ਮੈਥ (ਹਿਸਾਬ) ਨਾਲ ਸੰਬੰਧਿਤ ਸੋਚਣੀ ਉਸਾਰਨ ਵਿਚ ਮਦਦ ਕਰਦੇ ਹਨ। ਪਰਿਵਾਰ ਇਹ ਕੰਮ ਘਰ ਵਿਚ ਕਰਦੇ ਹਨ। ਖੋਜ ਇਹ ਦਰਸਾਉਂਦੀ ਹੈ ਕਿ ਪਰਿਵਾਰਾਂ ਨਾਲ ਚਾਲੂ ਰਹਿਣ ਵਾਲਾ ਸਹਿਯੋਗ ਬੱਚਿਆਂ ਦੀ ਮੈਥ (ਹਿਸਾਬ) ਬਾਰੇ ਸਮਝ ਉਸਾਰਨ ਵਿਚ ਮਦਦ ਕਰ ਸਕਦਾ ਹੈ। ਇਸ ਸ੍ਰੋਤ ਵਿਚ ਉਨ੍ਹਾਂ ਤਰੀਕਿਆਂ ਦੇ ਸੁਝਾਅ ਦਿੱਤੇ ਗਏ ਹਨ ਜਿਨ੍ਹਾਂ ਦੀ ਵਰਤੋਂ ਨਾਲ ਪਰਿਵਾਰ ਘਰ ਵਿਚ ਬੱਚਿਆਂ ਦੀ ਮੈਥ ਵਿਚ ਮਦਦ ਕਰ ਸਕਦੇ ਹਨ। ਅਧਿਆਪਕ ਅਤੇ ਮਾਪੇ ਬੱਚਿਆਂ ਦੀ ਆਪਣੇ ਆਪ ਨੂੰ ਮੈਥ ਸਿੱਖਣ ਦੇ ਯੋਗ ਸਮਝਣ ਵਿਚ ਮਦਦ ਕਰਦੇ ਹਨ ਅਤੇ ਉਹ ਅਜਿਹਾ ਅਸਲੀ ਚੀਜ਼ਾਂ ਦੀ ਵਰਤੋਂ ਰਾਹੀਂ ਅਤੇ ਬੱਚਿਆਂ ਨੂੰ ਆਪਣੀ ਪੜ੍ਹਾਈ ਬਾਰੇ ਗੱਲਬਾਤ ਕਰਨ ਲਈ ਉਤਸ਼ਾਹ ਦੇ ਕੇ ਕਰਦੇ ਹਨ। ਅੱਗੇ ਦਿੱਤੀ ਗੱਲਬਾਤ ਇਸ ਚੀਜ਼ ਦੀ ਇਕ ਉਦਾਹਰਣ ਹੈ ਕਿ ਕਿਵੇਂ ਤੁਸੀਂ ਆਪਣੇ ਬੱਚੇ ਨੂੰ ਮੈਥ ਬਾਰੇ ਗੱਲਬਾਤ ਕਰਨ ਲਈ ਉਤਸ਼ਾਹ ਦੇ ਸਕਦੇ ਹੋ। ਆਪਣੇ ਬੱਚੇ ਨੂੰ ਉਤਸ਼ਾਹ ਦਿਉ ਕਿ ਉਹ ਮੈਥ ਦਾ ਕੀਤਾ ਕੋਈ ਕੰਮ ਘਰ ਲਿਆਵੇ ਅਤੇ ਉਸ ਨਾਲ ਇਹ ਗੱਲਬਾਤ ਕਰੋ ਕਿ ਉਸ ਨੇ ਇਹ ਕਿਵੇਂ ਕੀਤਾ।

# ਪਰਿਵਾਰਾਂ ਲਈ ਮੈਥ:
## ਆਪਣੇ ਬੱਚੇ ਦੀ ਘਰ ਵਿਚ ਮੈਥ ਵਿਚ ਮਦਦ ਕਰਨਾ

### ਭਾਗ 1

**ਮੈਥ ਹਰ ਪਾਸੇ . . . . . 1**
ਮੈਥ ਨਾਲ ਸ਼ੁਗਲ ਕਰੋ . . . . . 1
ਮੈਥ ਬਾਰੇ ਗੱਲ ਕਰੋ . . . . . 2
ਮੈਥ ਨੂੰ ਸੋਚਣ ਲਈ ਉਤਸ਼ਾਹ ਦਿਉ ਨਾ ਕਿ ਰੱਟਾ ਲਾਉਣ ਲਈ . . . . . 2
ਮੈਥ ਵੱਲ ਹਾਂਪੱਖੀ ਵਤੀਰੇ ਦੇ ਮਾਡਲ ਬਣੋ . . . . . 2
ਬੱਚੇ ਮੈਥ ਬਾਰੇ ਸਮਝ ਵੱਖ ਵੱਖ ਰਫਤਾਰ ਅਤੇ ਵੱਖ ਵੱਖ ਤਰੀਕਿਆਂ ਨਾਲ ਬਣਾਉਂਦੇ ਹਨ . . . . . 3

### ਭਾਗ 2

**ਹਰ ਰੋਜ਼ ਲਈ ਸਰਗਰਮੀਆਂ . . . . . 3**
ਅਨੁਮਾਨ . . . . . 3
ਨਮੂਨੇਬਾਜ਼ੀ . . . . . 3
ਗਿਣਤੀ ਅਤੇ ਨੰਬਰ . . . . . 4
ਵਿੱਥ ਸਬੰਧੀ ਸੋਚਣੀ . . . . . 5

### ਭਾਗ 3

**ਮੈਥ ਸਾਰੇ ਮੌਸਮਾਂ ਲਈ . . . . . 6**
ਪੱਤਝੜ . . . . . 6
ਸਰਦੀਆਂ . . . . . 6
ਬਹਾਰ ਰੁੱਤ . . . . . 7
ਗਰਮੀਆਂ . . . . . 7

### ਭਾਗ 4

**ਮੈਥ ਲਈ ਵਧੀਆ ਮਾਹੌਲ ਤਿਆਰ ਕਰਨਾ . . . . . 8**

### ਭਾਗ 5

**ਨਿਊਮਰੇਸੀ ਕੀ ਹੈ? . . . . . 8**

### ਭਾਗ 6

**ਨਿਊਮਰੇਸੀ ਨਾਲ ਸੰਬੰਧਿਤ ਵੈੱਬਸਾਈਟ . . . . . 9**

# 1 | ਮੈਥ ਹਰ ਪਾਸੇ

ਬੱਚਿਆਂ ਨੂੰ ਇਹ ਜਾਣਨ ਦੀ ਲੋੜ ਹੈ ਕਿ ਮੈਥ ਕੋਈ ਅਜਿਹੀ ਚੀਜ਼ ਨਹੀਂ ਹੈ ਜਿਹੜੀ ਉਹ ਸਿਰਫ ਸਕੂਲ ਵਿਚ ਸਿੱਖਦੇ ਹਨ। ਮੈਥ ਹਰ ਪਾਸੇ ਹੈ। ਮੈਥ ਨਾਲ ਸ਼ੁਗਲ ਕਰੋ, ਇਸ ਬਾਰੇ ਗੱਲਬਾਤ ਕਰੋ ਅਤੇ ਰੋਜ਼ਾਨਾ ਜ਼ਿੰਦਗੀ ਵਿਚ ਮੈਥ ਬਾਰੇ ਜਾਣੂ ਹੋਣ ਵਿਚ ਆਪਣੇ ਬੱਚੇ ਦੀ ਮਦਦ ਕਰੋ।


## ਮੈਥ ਬਾਰੇ ਗੱਲ ਕਰੋ

> ਰਲ ਕੇ ਗੇਮਾਂ ਖੇਡੋ (ਜਿਸ ਵਿਚ ਬੋਰਡ ਗੇਮਾਂ ਅਤੇ ਕੰਪਿਊਟਰ ਗੇਮਾਂ ਵੀ ਸ਼ਾਮਲ ਹਨ)। ਇਸ ਬਾਰੇ ਗੱਲਬਾਤ ਕਰੋ ਕਿ ਕਿਹੜੀ ਚੀਜ਼ ਗੇਮਾਂ ਨੂੰ ਸ਼ੁਗਲ ਬਣਾਉਂਦੀ ਹੈ, ਕਿਹੜੀ ਚੀਜ਼ ਇਨ੍ਹਾਂ ਨੂੰ ਔਖਾ ਬਣਾਉਂਦੀ ਹੈ ਅਤੇ ਕਿਹੜੀ ਗੇਮ ਤੁਹਾਡਾ ਬੱਚਾ ਮੁੜ ਕੇ ਖੇਡਣਾ ਚਾਹੇਗਾ;

> ਉਹ ਖਿਡੌਣੇ ਲੱਭੋ ਜਿਹੜੇ ਤੁਹਾਡੇ ਬੱਚੇ ਨੂੰ ਸਿਰਜਣਾਤਮਕ ਤੌਰ 'ਤੇ ਸੋਚਣ ਲਈ ਉਤਸ਼ਾਹ ਦਿੰਦੇ ਹਨ (ਬਿਲਡਿੰਗ ਬਲੌਕਸ ਅਤੇ ਕਨਸਟਰੱਕਸ਼ਨ ਖਿਡੌਣੇ);

> ਤਾਸ਼, ਬੋਰਡ ਗੇਮਾਂ ਜਾਂ ਡਾਈਸ ਗੇਮਾਂ ਖੇਡੋ। ਇਹ ਗੇਮਾਂ ਪਰਿਵਾਰ ਦੇ ਸ਼ੁਗਲ ਵਿਚ ਵਾਧਾ ਕਰ ਸਕਦੀਆਂ ਹਨ;

> ਬੱਚੇ ਨਾਲ ਲਾਡ-ਪਿਆਰ ਕਰੋ ਅਤੇ ਇਕੱਠੇ ਕਿਤਾਬਾਂ ਪੜ੍ਹੋ – ਨੰਬਰਾਂ, ਥਾਂ, ਸਮੇਂ ਅਤੇ ਪੈਸੇ ਨਾਲ ਸੰਬੰਧਿਤ ਖਿਆਲਾਂ ਬਾਰੇ ਗੱਲ ਕਰੋ।




*ਮੈਨੂੰ ਆਪਣੀ ਤਸਵੀਰ ਬਾਰੇ ਦੱਸ।*

**ਇਹ ਮੈਂ ਹਾਂ, ਕੋਨੋਰ। ਮੈਂ ਮੈਥ ਕਰ ਰਹੀ ਹਾਂ।**

*ਤੈਨੂੰ ਕਿਵੇਂ ਪਤਾ ਕਿ ਮੈਥ "ਕਿਵੇਂ" ਕਰਨਾ ਹੈ? ਮੈਥ ਕਰਨ ਵੇਲੇ ਤੂੰ ਕੀ ਕਰਦੀ ਏਂ?*

**ਮੈਂ ਨੰਬਰਾਂ ਅਤੇ ਖੇਡਾਂ ਬਾਰੇ ਸੋਚਦੀ ਹਾਂ। ਮੈਂ ਡਾਈਸ, ਕਿਊਬਜ਼, ਪੇਪਰ ਅਤੇ ਕੈਲਕੂਲੇਟਰਾਂ ਦੀ ਵਰਤੋਂ ਕਰਦੀ ਹਾਂ ਅਤੇ ਗੱਲਾਂ ਕਰਦੀ ਹਾਂ।**


*ਤੂੰ ਉਨ੍ਹਾਂ ਚੀਜ਼ਾਂ ਨਾਲ ਕੀ ਕਰਦੀ ਏਂ? ਉਹ ਮੈਥ "ਕਰਨ" ਵਿਚ ਤੇਰੀ ਮਦਦ ਕਿਵੇਂ ਕਰਦੀਆਂ ਹਨ?*

**ਮੈਂ ਉਨ੍ਹਾਂ ਨਾਲ ਉਸਾਰੀ ਕਰ ਸਕਦੀ ਹਾਂ ਅਤੇ ਉਨ੍ਹਾਂ ਨਾਲ ਗਿਣ ਸਕਦੀ ਹਾਂ ਅਤੇ ਉਨ੍ਹਾਂ ਨਾਲ ਖੇਡ ਸਕਦੀ ਹਾਂ। ਇਹ ਚੀਜ਼ਾਂ ਮੈਨੂੰ ਇਹ ਦਿਖਾਉਂਦੀਆਂ ਹਨ ਕਿ ਕੀ ਕਰਨਾ ਹੈ।**

*ਤੂੰ ਆਪਣੀ ਤਸਵੀਰ ਵਿਚ ਗੱਲਾਂ ਕਿਉਂ ਕੀਤੀਆਂ ਹਨ?*

***ਮੈਂ ਦੂਜੇ ਲੋਕਾਂ ਨਾਲ ਗੱਲਾਂ ਨਹੀਂ ਕਰ ਰਹੀ। ਮੈਂ ਆਪਣੇ ਆਪ ਨਾਲ ਗੱਲਾਂ ਕਰ ਰਹੀ ਹਾਂ, ਜਿਵੇਂ "ਕੋਨੋਰ, ਤੂੰ ਇਹ ਕਰ ਸਕਦੀ ਏਂ।"***

*ਕੋਨੋਰ ਆਪਣੇ ਆਪ ਨੂੰ ਮੈਥ ਸਿੱਖਣ ਵਾਲੀ ਵਜੋਂ ਦੇਖਦੀ ਹੈ, ਅਤੇ ਉਹ ਅਸਲੀ ਚੀਜ਼ਾਂ ਅਤੇ ਸਵੈ-ਗੱਲਬਾਤ ਦੀ ਵਰਤੋਂ ਕਰਦੀ ਹੈ।*




# ਮੈਥ ਬਾਰੇ ਗੱਲ ਕਰੋ

> ਅਜਿਹੇ ਸਵਾਲ ਪੁੱਛੋ ਜਿਹੜੇ ਤੁਹਾਡੇ ਬੱਚੇ ਨੂੰ:

- ਮੈਥ ਦੀ ਭਾਸ਼ਾ ਵਰਤਣ ਲਈ ਉਤਸ਼ਾਹ ਦੇਣ ਜਿਸ ਵਿਚ ਜਮ੍ਹਾਂ, ਘਟਾਉ, ਬਰਾਬਰ ਅਤੇ ਸ਼ਕਲਾਂ ਦੇ ਨਾਵਾਂ ਵਰਗੇ ਸ਼ਬਦ ਸ਼ਾਮਲ ਹਨ;
- ਉਸ ਦੀ ਸੋਚਣੀ ਨੂੰ ਬਿਆਨ ਕਰੋ; "ਮੈਨੂੰ ਦੱਸ ਕਿ ਤੈਨੂੰ ਇਹ ਕਿਵੇਂ ਪਤਾ ਹੈ" ਜਾਂ "ਤੈਨੂੰ ਇਹ ਕਿਵੇਂ ਪਤਾ ਲੱਗਾ?";
- ਤਰਤੀਬ ਅਤੇ ਵਿਉਂਤ ਬਣਾਉ; "ਤੂੰ ਪਹਿਲਾਂ ਕੀ ਕਰਨਾ ਹੈ?";
- ਗਿਣੋ; "ਤੇਰੇ ਝੱਗੇ ਉੱਤੇ ਕਿੰਨੇ ਬਟਨ ਹਨ?";
- ਤੁਲਨਾ ਕਰੋ; "ਕਿਹੜਾ ਪੱਤਾ ਵੱਡਾ ਹੈ?";
- ਦਲੀਲ ਵਾਲੀ ਸੋਚਣੀ ਵਰਤੋ; "ਪਾਰਟੀ ਵਿਚ ਚਾਰ ਬੱਚੇ ਆ ਰਹੇ ਹਨ। ਸਾਨੂੰ ਕਿੰਨੀਆਂ ਟਰੀਟਸ ਦੀ ਲੋੜ ਹੈ?";
- ਸ਼ਬਦ ਨੂੰ ਵਰਣਨ ਕਰੋ; "ਚੰਦ ਦੀ ਸ਼ਕਲ ਕਿਸ ਤਰ੍ਹਾਂ ਦੀ ਹੈ?";

> ਆਪਣੀ ਜ਼ਿੰਦਗੀ ਵਿਚ ਮੈਥ ਦੀ ਵਰਤੋਂ ਕਰਨ ਵੇਲੇ ਆਪਣੇ ਬੱਚੇ ਨਾਲ ਮੈਥ ਬਾਰੇ ਗੱਲਾਂ ਕਰੋ। ਉਦਾਹਰਣ ਵਜੋਂ ਇਹ ਕਰਨ ਵੇਲੇ:

- ਰੈਸਪੀਆਂ, ਸੀਉਣ ਅਤੇ ਲੱਕੜੀ ਦੇ ਕੰਮ ਦੀ ਮਿਣਤੀ ਕਰਨ ਵੇਲੇ; "ਮੈਨੂੰ ਇਕ ਕੱਪ ਖੰਡ ਦੀ ਲੋੜ ਹੈ";
- ਪੇਂਟ ਜਾਂ ਵਾਲਪੇਪਰ ਦੀ ਮਾਤਰਾ ਦਾ ਅੰਦਾਜ਼ਾ ਲਾਉਣ ਵੇਲੇ ਜਾਂ ਤਸਵੀਰਾਂ ਟੰਗਣ ਵੇਲੇ; "ਮੈਂ ਇਹ ਤਸਵੀਰ ਦੂਜੀ ਤਸਵੀਰ ਤੋਂ ਦਸ ਸੈਂਟੀਮੀਟਰ ਉਪਰ ਲਾਉਣਾ ਚਾਹੁੰਦੀ ਹਾਂ";
- ਸਮੇਂ ਸਿਰ ਰਹਿਣ ਲਈ ਕਲੌਕ ਵਰਤੋ ਜਾਂ ਪਹਿਲਾਂ ਵਿਉਂਤ ਬਣਾਉ; "ਜੇ ਪਾਰਟੀ ਪੰਜ ਵਜੇ ਹੈ ਤਾਂ ਸਾਨੂੰ ਅੱਧੇ ਘੰਟੇ ਵਿਚ ਤੁਰਨ ਦੀ ਲੋੜ ਹੈ";
- ਟੈਲੀਵੀਜ਼ਨ, ਬੱਸ ਜਾਂ ਮੂਵੀ ਦੇ ਸਮਿਆਂ ਦੀ ਸਮਾਂ-ਸੂਚੀ ਪੜ੍ਹੋ; "ਮੂਵੀ ਸੱਤ ਵਜੇ ਸ਼ੁਰੂ ਹੁੰਦੀ ਹੈ, ਇਸ ਕਰਕੇ ਅਸੀਂ ਸੌਣ ਦੇ ਸਮੇਂ ਤੋਂ ਪਹਿਲਾਂ ਘਰ ਆ ਜਾਵਾਂਗੇ"।



# ਮੈਥ ਨੂੰ ਸੋਚਣ ਲਈ ਉਤਸ਼ਾਹ ਦਿਉ ਨਾ ਕਿ ਰੱਟਾ ਲਾਉਣ ਲਈ

> ਆਪਣੇ ਬੱਚੇ ਦੀ ਉਦੋਂ ਸਿਫਤ ਕਰੋ, ਜਦੋਂ ਉਹ ਆਪਣੇ ਆਪ ਸੋਚਦਾ ਹੈ ਜਾਂ ਜਦੋਂ ਉਹ ਆਪਣੇ ਆਪ ਹਿਸਾਬ ਲਾਉਂਦਾ ਹੈ; "ਇਸ ਦਾ ਹਿਸਾਬ ਲਾਉਣ ਲਈ ਜਿਹੜਾ ਤੂੰ ਨਵਾਂ ਤਰੀਕਾ ਵਰਤਿਆ ਉਹ ਬਹੁਤ ਵਧੀਆ ਸੀ";

> ਰੱਟਾ ਲਾਉਣ ਲਈ ਜ਼ੋਰ ਨਾ ਪਾਉ। ਭਾਵੇਂ ਕਿ ਮੈਥ ਦੇ ਕੁਝ ਹਿੱਸੇ ਯਾਦਸ਼ਕਤੀ ਰਾਹੀਂ ਆਪਣੇ ਆਪ ਚੇਤੇ ਆਉਣੇ ਚਾਹੀਦੇ ਹਨ, ਪਰ ਬੱਚਿਆਂ ਨੂੰ ਹਿਸਾਬੀ ਸੋਚਣੀ ਅਤੇ ਤਰਕ ਲਈ ਸਮੇਂ ਦੀ ਲੋੜ ਹੁੰਦੀ ਹੈ – ਉਨ੍ਹਾਂ 'ਤੇ ਜ਼ੋਰ ਨਾ ਪਾਉ; ਇਹ ਕਹੋ "ਤੂੰ ਆਪਣਾ ਸਮਾਂ ਲੈ";

> ਆਪਣੇ ਬੱਚੇ ਨੂੰ ਕਹੋ ਕਿ ਉਹ ਇਹ ਦੱਸੇ ਕਿ ਉਸ ਨੇ ਕਿਵੇਂ ਪਤਾ ਲਾਇਆ, ਉਹ ਕੀ ਸੋਚ ਰਿਹਾ/ਰਹੀ ਸੀ। ਇਸ ਨਾਲ ਬੱਚਿਆਂ ਨੂੰ ਇਹ ਮਹਿਸੂਸ ਕਰਨ ਵਿਚ ਮਦਦ ਮਿਲਦੀ ਹੈ ਕਿ ਤੁਸੀਂ ਉਨ੍ਹਾਂ ਦੀ ਸੋਚਣੀ ਦੀ ਕਦਰ ਕਰਦੇ ਹੋ; "ਤੈਨੂੰ ਇਹ ਕਿਵੇਂ ਪਤਾ ਲੱਗਾ?";

> ਇਹ ਗੱਲ ਮਨ ਵਿਚ ਰੱਖੋ ਕਿ ਰੱਟਾ ਲਾਉਣ ਦਾ ਸਦਾ ਇਹ ਮਤਲਬ ਨਹੀਂ ਹੁੰਦਾ ਕਿ ਸਮਝ ਆ ਗਈ ਹੈ ਅਤੇ ਮੈਥ ਸਮਝ ਆਉਣ ਬਾਰੇ ਹੈ।

# ਮੈਥ ਵੱਲ ਹਾਂਪੱਖੀ ਵਤੀਰੇ ਦੇ ਮਾਡਲ ਬਣੋ

> ਮੈਥ ਨਾਲ ਸੰਬੰਧਿਤ ਕਾਰਜ ਕਰਦੇ ਹੋਏ ਰਲ ਕੇ ਸ਼ੁਗਲ ਕਰੋ ਜਿਵੇਂ ਕਿ ਖਾਣੇ ਬਣਾਉਣ ਲਈ ਚਾਹੀਦੀ ਸਾਮੱਗਰੀ ਨੂੰ ਮਿਣਨਾ, ਟੇਬਲ 'ਤੇ ਰੱਖੇ ਜਾਣ ਵਾਲੇ ਭਾਂਡਿਆਂ ਜਾਂ ਕਾਂਟੇ-ਛੁਰੀਆਂ ਨੂੰ ਗਿਣਨਾ, ਲਾਉਂਡਰੀ ਛਾਂਟਣਾ, ਬਿਲਡਿੰਗ ਪ੍ਰੋਜੈਕਟਸ, ਸੰਦਾਂ ਨਾਲ ਕੰਮ ਕਰਨਾ, ਰੀਸਾਈਕਲ ਕੀਤੀਆਂ ਜਾਣ ਵਾਲੀਆਂ ਚੀਜ਼ਾਂ ਨੂੰ ਛਾਂਟਣਾ।

> ਆਪਣੇ ਬੱਚੇ ਨੂੰ ਇਹ ਜਾਣਨ ਲਈ ਉਤਸ਼ਾਹ ਦਿਉ ਕਿ ਚੀਜ਼ਾਂ ਕਿਵੇਂ ਕੰਮ ਕਰਦੀਆਂ ਹਨ; "ਮੈਂ ਹੈਰਾਨ ਹਾਂ ਕਿ....";

> ਪੁਰਾਣੀ ਕਹਾਵਤ ਦੁਹਰਾਉ "ਵਾਰ, ਵਾਰ ਕੋਸ਼ਿਸ਼ ਕਰੋ!" ਕਿਸੇ ਸਮੱਸਿਆ ਤੱਕ ਪਹੁੰਚ ਕਰਨ ਦੇ ਬਹੁਤ ਸਾਰੇ ਤਰੀਕਿਆਂ ਨੂੰ ਉਤਸ਼ਾਹ ਦੇ ਕੇ ਅਤੇ ਇਨ੍ਹਾਂ ਦੀ ਆਗਿਆ ਦੇ ਕੇ ਉਸ ਦੀ ਸੋਚਣੀ ਵਿਚ ਪਕਿਆਈ ਅਤੇ ਲਚਕਸ਼ੀਲਤਾ ਪੈਦਾ ਕਰੋ; "ਕੀ ਤੂੰ ਸ਼ਕਲਾਂ (ਸ਼ੇਪਸ) ਨੂੰ ਇਕੱਠੇ ਕਰਨ ਲਈ ਕਿਸੇ ਵੱਖਰੇ ਤਰੀਕੇ ਬਾਰੇ ਸੋਚ ਸਕਦਾ/ਸਕਦੀ ਏਂ?";

> ਸਕੂਲ ਅਤੇ ਜ਼ਿੰਦਗੀ ਵਿਚ ਮੈਥ ਦੇ ਆਪਣੇ ਹਾਂਪੱਖੀ ਤਜਰਬੇ ਬਾਰੇ ਗੱਲਾਂ ਕਰੋ। ਬੱਚੇ ਅਕਸਰ ਆਪਣੇ ਆਲੇ ਦੁਆਲੇ ਦੇ ਬਾਲਗਾਂ ਦੇ ਵਤੀਰੇ ਤੋਂ ਪ੍ਰਭਾਵਤ ਹੁੰਦੇ ਹਨ; "ਜਦੋਂ ਮੈਂ ਬੱਚਾ ਸੀ ਤਾਂ ਮੈਂ ਵੀ ਤਾਸ਼ (ਕਾਰਡ ਗੇਮਾਂ) ਖੇਡਣਾ ਪਸੰਦ ਕਰਦਾ ਸੀ" ਜਾਂ "ਮੈਥ ਔਖਾ ਹੋ ਸਕਦਾ ਹੈ, ਪਰ ਜੇ ਅਸੀਂ ਕੋਸ਼ਿਸ਼ ਕਰਦੇ ਰਹੀਏ ਤਾਂ ਇਹ ਸਾਨੂੰ ਆ ਜਾਂਦਾ ਹੈ"।

# ਬੱਚੇ ਮੈਥ ਬਾਰੇ ਸਮਝ ਵੱਖ ਵੱਖ ਰਫਤਾਰ ਅਤੇ ਵੱਖ ਵੱਖ ਤਰੀਕਿਆਂ ਨਾਲ ਬਣਾਉਂਦੇ ਹਨ

> ਅਜਿਹੀਆਂ ਸਰਗਰਮੀਆਂ ਚੁਣੋ ਜਿੱਥੇ ਬੱਚੇ ਕਾਮਯਾਬ ਹੋ ਸਕਦੇ ਹੋਣ, ਆਪਣੀ ਕੁਝ ਤਰੱਕੀ ਦੇਖ ਸਕਦੇ ਹੋਣ ਅਤੇ ਕੁਝ ਸ਼ੁਗਲ ਕਰ ਸਕਦੇ ਹੋਣ। ਇਹ ਪੱਕਾ ਕਰੋ ਕਿ ਗੇਮਾਂ ਅਤੇ ਸਰਗਰਮੀਆਂ ਅਜਿਹੀਆਂ ਹੋਣ ਜਿਨ੍ਹਾਂ ਵਿਚ ਉਹ ਕਾਮਯਾਬ ਹੋ ਸਕਦੇ ਹੋਣ ਅਤੇ ਇਹ ਬਹੁਤੀਆਂ ਔਖੀਆਂ ਨਾ ਹੋਣ।

> ਬੱਚਿਆਂ ਦੀ ਸੋਚਣੀ ਵਿਚ ਉਨ੍ਹਾਂ ਦੀ ਮਦਦ ਕਰਨ ਲਈ ਉਨ੍ਹਾਂ ਨੂੰ ਸਾਮੱਗਰੀ ਪ੍ਰਦਾਨ ਕਰੋ (ਜਿਵੇਂ ਮਾਡਲ ਬਣਾਉਣ ਅਤੇ ਗਿਣਨ ਲਈ ਪੈਨੀਆਂ ਜਾਂ ਬਲੌਕ)। ਗੂੜ੍ਹੀ ਸੋਚ ਹੌਲੀ ਹੌਲੀ ਪੈਦਾ ਹੁੰਦੀ ਹੈ ਅਤੇ ਇਹ ਇਸ ਬਹੁ-ਸੰਵੇਦੀ ਤਜਰਬੇ 'ਤੇ ਨਿਰਭਰ ਕਰਦੀ ਹੈ। ਉਦਾਹਰਣ ਲਈ, ਇਹ ਦਿਖਾਉ ਕਿ ਨੰਬਰ ਅੱਠ ਇਕ ਸ਼ਬਦ ਹੋ ਸਕਦਾ ਹੈ, ਹਿੰਦਸਾ ਹੋ ਸਕਦਾ ਹੈ ਜਾਂ ਅੱਠ ਚੀਜ਼ਾਂ ਹੋ ਸਕਦਾ ਹੈ।

> ਇਹ ਦੇਖੋ ਕਿ ਬੱਚੇ ਆਪਣੀਆਂ ਉਂਗਲਾਂ ਨੂੰ ਕਿਵੇਂ ਆਪਣੀ ਸੋਚਣੀ ਦੇ ਹੱਕ ਵਿਚ ਵਰਤਦੇ ਹਨ। ਉਨ੍ਹਾਂ ਨੂੰ ਇਹ ਦੱਸਣ ਲਈ ਆਖੋ ਕਿ ਉਨ੍ਹਾਂ ਦੀਆਂ ਉਂਗਲਾਂ ਕਿਵੇਂ ਉਨ੍ਹਾਂ ਦੀ ਮਦਦ ਕਰਦੀਆਂ ਹਨ। ਉਨ੍ਹਾਂ ਦੀ ਸੋਚਣੀ ਦੇ ਅੰਤਰੀਵ ਹੋ ਜਾਣ 'ਤੇ ਉਹ ਆਪਣੀਆਂ ਉਂਗਲਾਂ ਦੀ ਵਰਤੋਂ ਕਰਨਾ ਬੰਦ ਕਰ ਦੇਣਗੇ। ਬੱਚਿਆਂ ਨੂੰ ਆਪਣੀ ਸੋਚਣੀ ਬਾਰੇ ਪੁੱਛਣ ਨਾਲ, ਅਧਿਆਪਕ ਅਤੇ ਮਾਪੇ ਬੱਚਿਆਂ ਦੀ ਇਹ ਮਹਿਸੂਸ ਕਰਨ ਵਿਚ ਮਦਦ ਕਰਦੇ ਹਨ ਕਿ ਉਨ੍ਹਾਂ ਦੀ ਸੋਚਣੀ ਦੀ ਕਦਰ ਕੀਤੀ ਜਾਂਦੀ ਹੈ।



# 2 | ਹਰ ਰੋਜ਼ ਲਈ ਸਰਗਰਮੀਆਂ


ਛੋਟੇ ਬੱਚੇ ਚੀਜ਼ਾਂ ਨਾਲ ਖੇਡ ਕੇ ਅਤੇ "ਅਸਲੀ" ਤਜਰਬਿਆਂ ਨਾਲ ਬਿਹਤਰ ਸਿੱਖਦੇ ਹਨ। ਅਸਲੀ ਤਜਰਬੇ ਉਹ ਹਨ ਜਿਹੜੇ ਘਰ ਵਿਚ ਜਾਂ ਕਮਿਉਨਟੀ ਵਿਚ ਰੋਜ਼ਾਨਾ ਦੇ ਕਾਰਜ ਕਰਨ ਦੌਰਾਨ ਕੁਦਰਤੀ ਹਾਸਲ ਹੋ ਸਕਦੇ ਹਨ। ਬੱਚਿਆਂ ਨੂੰ ਆਪਣੀਆਂ ਜ਼ਿੰਦਗੀਆਂ ਵਿਚ ਹਿਸਾਬੀ-ਕਿਤਾਬੀ ਜੋੜ ਕਰਕੇ, ਦੇਖਕੇ ਅਤੇ ਇਨ੍ਹਾਂ ਬਾਰੇ ਗੱਲ ਕਰਕੇ ਮੈਥ ਦੀ ਸੂਝ ਪੈਦਾ ਕਰਨ ਦੀ ਲੋੜ ਹੁੰਦੀ ਹੈ। ਜਿਹੜੇ ਬੱਚੇ ਇਸ ਤਰੀਕੇ ਨਾਲ ਮੈਥ ਬਾਰੇ ਸੂਝ ਪੈਦਾ ਕਰਨਾ ਸਿੱਖਦੇ ਹਨ, ਉਨ੍ਹਾਂ ਦਾ ਹਿਸਾਬ ਵਿਚ ਤਕੜਾ ਅਧਾਰ ਬਣ ਜਾਂਦਾ ਹੈ।

## ਅਨੁਮਾਨ

ਅਨੁਮਾਨ ਲਾਉਣਾ (ਇਸਟੀਮੇਸ਼ਨ) ਆਪਣੀ ਜਾਣਕਾਰੀ ਦੀ ਵਰਤੋਂ ਨਾਲ ਅੰਦਾਜ਼ਾ ਲਾਉਣਾ ਹੈ ਜਿਸ ਦਾ ਕੋਈ ਮਤਲਬ ਬਣਦਾ ਹੈ। ਅਨੁਮਾਨ ਲਾਉਣਾ ਹਰ ਰੋਜ਼ ਕੰਮ ਆਉਣ ਵਾਲਾ ਹੁਨਰ ਹੈ।

> ਪੁੱਛਣ ਵਾਲੇ ਸਵਾਲ


- ਤੈਨੂੰ ਕਿਵੇਂ ਪਤਾ?
- ਕੀ ਇਸ ਦਾ ਕੋਈ ਅਰਥ ਨਿਕਲਦਾ ਹੈ?
- ਜੇ ਤੈਨੂੰ ਨਹੀਂ ਪਤਾ ਤਾਂ ਤੂੰ ਕਿਵੇਂ ਪਤਾ ਲਾ ਸਕਦਾ/ਸਕਦੀ ਏਂ?
- ਕੀ ਪਤਾ ਲਾਉਣ ਦਾ ਕੋਈ ਹੋਰ ਵੀ ਤਰੀਕਾ ਹੈ?
- ਤੇਰੇ ਖਿਆਲ ਮੁਤਾਬਕ ਕਿੰਨੇ__________ ਹਨ?
- ਕਿਸ ਕੋਲ ਜ਼ਿਆਦਾ, ਲੰਮਾ, ਭਾਰਾ ਹੈ?



> ਕਰਨ ਵਾਲੀਆਂ ਚੀਜ਼ਾਂ

ਪਹਿਲਾਂ ਅਨੁਮਾਨ ਲਾਉ ਅਤੇ ਫਿਰ ਪਤਾ ਲਾਉ:

- ਕੋਈ ਚੀਜ਼ ਜਿਹੜੀ__________ਨਾਲੋਂ ਲੰਮੀ, ਛੋਟੀ, ਹਲਕੀ, ਭਾਰੀ ਹੈ
- ਸੋਫੇ ਤੋਂ ਫਾਇਰਪਲੇਸ ਤੱਕ ਜਾਣ ਲਈ ਕਿੰਨੀਆਂ ਕਰੇਔਨਜ਼ ਦੀ ਲੋੜ ਪਵੇਗੀ?
- ਇਸ ਬੌਕਸ ਵਿਚ ਕਿੰਨੇ ਬਲੌਕ ਫਿੱਟ ਆਉਣਗੇ?
- ਕਿਸ ਚੀਜ਼ ਨੂੰ ਜ਼ਿਆਦਾ ਸਮਾਂ ਲੱਗੇਗਾ, ਦਰਵਾਜ਼ੇ ਤੱਕ ਜਾਣ ਲਈ ਜਾਂ ਆਪਣਾ ਨਾਂ ਲਿਖਣ ਲਈ?
- ਤੁਹਾਡੇ ਆਰਡਰ ਤੋਂ ਬਾਅਦ ਕਿੰਨੇ ਮਿੰਟਾਂ ਵਿਚ ਤੁਹਾਡਾ ਖਾਣਾ ਆਉਂਦਾ ਹੈ?
- ਇਕ ਕਿਤਾਬ ਨੂੰ ਕਿੰਨੀਆਂ ਪੈਨੀਆਂ ਢਕਣਗੀਆਂ?



# ਨਮੂਨੇਬਾਜ਼ੀ

ਨਮੂਨੇਬਾਜ਼ੀ (ਪੈਟਰਨਿੰਗ) ਦੁਹਰਾਉ ਵਾਲੇ ਚੱਕਰਾਂ, ਸਿੱਟਿਆਂ ਅਤੇ ਅਕਸਾਂ ਨੂੰ ਦੇਖਣਾ ਹੈ ਜਿਹੜੇ ਕਿ ਅਨੁਮਾਨ ਲਾਉਣ ਯੋਗ ਹੁੰਦੇ ਹਨ।

> ਪੁੱਛਣ ਵਾਲੇ ਸਵਾਲ

- ਤੈਨੂੰ ਕਿਵੇਂ ਪਤਾ?
- ਕੀ ਇਸ ਦਾ ਕੋਈ ਅਰਥ ਨਿਕਲਦਾ ਹੈ?
- ਜੇ ਤੈਨੂੰ ਨਹੀਂ ਪਤਾ ਤਾਂ ਤੂੰ ਕਿਵੇਂ ਪਤਾ ਲਾ ਸਕਦਾ/ਸਕਦੀ ਏਂ?
- ਕੀ ਤੈਨੂੰ ਨਮੂਨਾ (ਪੈਟਰਨ) ਦਿਖਾਈ ਦਿੰਦਾ ਹੈ? ਮੈਨੂੰ ਇਸ ਬਾਰੇ ਦੱਸ?
- ਅਗਾਂਹ ਕੀ ਆਵੇਗਾ?

> ਕਰਨ ਵਾਲੀਆਂ ਚੀਜ਼ਾਂ


- ਕੱਪੜੇ, ਵਾਲਪੇਪਰ ਜਾਂ ਕੱਪੜਿਆਂ 'ਤੇ ਦੁਹਰਾਏ ਗਏ ਨਮੂਨੇ ਦੇਖੋ।
- ਸਮੇਂ ਵਿਚ ਦੁਹਰਾਏ ਜਾ ਰਹੇ ਨਮੂਨੇ ਦੇਖੋ (ਜਿਵੇਂ ਮੌਸਮ, ਮਹੀਨੇ, ਜਾਂ ਰੋਜ਼ਾਨਾ ਕਾਰਜ)।
- ਗੀਤਾਂ ਵਿਚਲੇ ਨਮੂਨੇ ਸੁਣੋ ਅਤੇ ਤਾਲ ਉੱਤੇ ਤਾੜੀ ਮਾਰੋ ਜਾਂ ਨੱਚੋ।
- ਬਲੌਕਾਂ, ਮਣਕਿਆਂ, ਤਾਸ਼ਾਂ, ਜਾਂ ਖਿਡੌਣਿਆਂ ਵਿਚਲੇ ਨਮੂਨਿਆਂ ਨਾਲ ਸ਼ੁਰੂ ਕਰੋ ਅਤੇ ਬੱਚਿਆਂ ਤੋਂ ਇਨ੍ਹਾਂ ਨੂੰ ਲੰਮੇ ਕਰਵਾਉ।
- ਦਸਾਂ, ਪੰਜਾਂ, ਅਤੇ ਦੂਣੀਆਂ ਵਿਚ ਗਿਣੋ।

# ਗਿਣਤੀ ਅਤੇ ਨੰਬਰ

ਨੰਬਰ ਸਾਡੇ ਸਾਰੇ ਪਾਸੇ ਹਨ ਅਤੇ ਸਾਨੂੰ ਇਹ ਜਾਣਨ ਦੀ ਲੋੜ ਹੈ ਕਿ ਇਨ੍ਹਾਂ ਦੀ ਵਰਤੋਂ ਕਿਵੇਂ ਕਰਨੀ ਹੈ।

> ਪੁੱਛਣ ਵਾਲੇ ਸਵਾਲ

- ਇੱਥੇ ਕਿੰਨੇ ਹਨ?
- ਤੈਨੂੰ ਕਿਵੇਂ ਪਤਾ?
- ਜੇ ਤੈਨੂੰ ਨਹੀਂ ਪਤਾ ਤਾਂ ਤੂੰ ਕਿਵੇਂ ਪਤਾ ਲਾ ਸਕਦਾ/ਸਕਦੀ ਏਂ?
- ਕੀ ਇਸ ਦਾ ਕੋਈ ਅਰਥ ਨਿਕਲਦਾ ਹੈ?



> ਗਿਣਤੀ ਕਰਨ ਲਈ ਕੀਤੀਆਂ ਜਾਣ ਵਾਲੀਆਂ ਚੀਜ਼ਾਂ

- ਆਪਣੇ ਬੱਚੇ ਨੂੰ ਤੁਹਾਡੇ ਵਲੋਂ ਕੀਤੀ ਜਾ ਰਹੀ ਗਿਣਤੀ ਦੇਖਣ ਅਤੇ ਸੁਣਨ ਦਿਉ।
- ਹਰ ਇਕ ਚੀਜ਼ ਗਿਣੋ – ਗਿਣਨ ਵੇਲੇ ਹਰ ਚੀਜ਼ ਨੂੰ ਛੂਹੋ।
- ਨੰਬਰਾਂ ਦੀ ਤੁੱਕਬੰਦੀ ਅਤੇ ਗੀਤ ਵਰਤੋ।
- ਟੇਬਲ ਸੈੱਟ ਕਰੋ। ਪੁੱਛੋ: ਕਿੰਨੇ ਫੋਰਕਸ ਚਾਹੀਦੇ ਹਨ?
- ਬੋਰਡ ਗੇਮਾਂ ਖੇਡੋ।
- ਡਾਈਸ ਗੇਮਾਂ ਖੇਡੋ। ਬੱਚਿਆਂ ਨੂੰ ਨੰਬਰ ਬੋਲਣ ਦਿਉ।

> ਹਿੰਦਸਿਆਂ ਦੀ ਪਛਾਣ ਲਈ ਕਰਨ ਵਾਲੀਆਂ ਚੀਜ਼ਾਂ

- ਤਾਸ਼ ਖੇਡੋ।
- ਸਾਈਨਾਂ ਅਤੇ ਅਖਬਾਰਾਂ ਵਿਚ ਲਿਖੇ ਨੰਬਰ ਲੱਭੋ (ਜਿਵੇਂ ਸਾਰੇ 3 ਲੱਭੋ)।
- ਚੁੰਬਕੀ ਹਿੰਦਸੇ ਵਰਤੋ।
- ਖੇਡਣ ਵਾਲੇ ਆਟੇ ਨਾਲ ਨੰਬਰ ਬਣਾਉ।

> ਛਾਂਟਣ ਲਈ ਕੀਤੀਆਂ ਜਾਣ ਵਾਲੀਆਂ ਚੀਜ਼ਾਂ

- ਲਾਉਂਡਰੀ ਛਾਂਟੋ।
- ਕਾਂਟੇ-ਛੁਰੀਆਂ ਅਤੇ ਖਿਡੌਣਿਆਂ ਨੂੰ ਪਰ੍ਹਾਂ ਰੱਖੋ।
- ਕਿਤਾਬਾਂ ਨੂੰ ਤਰਤੀਬ ਦਿਉ (ਅਕਾਰ ਜਾਂ ਵਿਸ਼ੇ ਮੁਤਾਬਕ ਛਾਂਟੋ)।
- ਛਾਂਟੀ ਕਰਨ ਲਈ ਚੀਜ਼ਾਂ ਇਕੱਠੀਆਂ ਕਰੋ (ਜਿਵੇਂ ਬਟਨ, ਵੱਟੀਆਂ, ਨੱਟ ਅਤੇ ਬੋਲਟ, ਜਾਂ ਮਣਕੇ)। ਇਨ੍ਹਾਂ ਨੂੰ ਮਫਨਾਂ ਜਾਂ

ਆਂਡਿਆਂ ਵਾਲੇ ਡੱਬਿਆਂ ਦੀ ਵਰਤੋਂ ਕਰਦੇ ਹੋਏ ਛਾਂਟੋ।

- ਤਾਸ਼ ਨੂੰ ਪੀਹੋ ਜਾਂ ਡੋਮਿਨੋ ਖੇਡੋ।

> ਆਰਡਰ ਕਰਨ ਲਈ ਕੀਤੀਆਂ ਜਾਣ ਵਾਲੀਆਂ ਚੀਜ਼ਾਂ –ਅਕਾਰ, ਉਚਾਈ, ਲੰਬਾਈ, ਨੰਬਰ

- ਖੁੱਡਿਆਂ ਵਾਲੇ ਖਿਡੌਣੇ ਵਰਤੋ।
- ਪੁੱਛੋ ਕਿ ਕਿਹੜਾ ਫੁੱਲ ਲੰਮਾ ਜਾਂ ਛੋਟਾ ਹੈ?
- ਵੱਖ ਵੱਖ ਚੀਜ਼ਾਂ ਲੰਬਾਈ, ਵਿਸ਼ਾਲਤਾ, ਅਕਾਰ ਮੁਤਾਬਕ ਆਰਡਰ ਕਰੋ (ਜਿਵੇਂ ਰਿਬਨ, ਬਟਨ, ਢੱਕਣ, ਪੇਪਰ ਦੇ ਪੀਸ)।
- ਤਾਸ਼ ਜਾਂ ਡੋਮਿਨੋ ਦੀ ਵਰਤੋਂ ਕਰੋ।

> ਨੰਬਰ ਕੌਨਸੈਪਟਸ ਲਈ ਕਰਨ ਵਾਲੀਆਂ ਚੀਜ਼ਾਂ

- ਇਹ ਪਤਾ ਲਾਉ ਕਿ ______ ਕਿੰਨੀਆਂ ਹਨ। (ਜਿਵੇਂ ਤੁਹਾਡੇ ਘਰ ਵਿਚਲੇ ਦਰਵਾਜ਼ੇ, ਸਟਰੀਟ ’ਤੇ ਲਾਲ ਕਾਰਾਂ, ਟੇਬਲ ’ਤੇ ਪਏ ਕੱਪ, ਸਟੋਰ ਨੂੰ ਜਾਣ ਵੇਲੇ ਰਾਹ ਵਿਚ ਆਈਆਂ ਲਾਲ ਬੱਤੀਆਂ)।
- ਆਪਣੀ ਉਂਗਲ ਨੂੰ ______ਵਾਰੀ ਹਿਲਾਉ ਅਤੇ ਆਪਣੇ ਬੱਚੇ ਨੂੰ ਕਹੋ ਕਿ ਉਹ ਤੁਹਾਨੂੰ ਨਿਊਮਰਲ ਕਾਰਡ ਉਪਰਲੇ ਹਿੰਦਸੇ ਜਾਂ ਨੰਬਰ ਦਾ ਪੋਆਇੰਟ ਦੱਸੇ।
- 3, 4, 5, 6 ਚੀਜ਼ਾਂ ਦੇ ਗਰੁੱਪ ਬਣਾਉ।
- “8” ਨੂੰ ਵੱਧ ਤੋਂ ਵੱਧ ਵੱਖ ਵੱਖ ਤਰੀਕਿਆਂ ਨਾਲ ਬਣਾਉ (ਜਿਵੇਂ 4 ਅਤੇ 4; 5 ਅਤੇ 3; 2 ਅਤੇ 6)।
- ਹਿੰਦਸਿਆਂ ਵਾਲੇ ਕਾਰਡਾਂ ਨੂੰ ਚੀਜ਼ਾਂ ਦੀ ਅਸਲੀ ਗਿਣਤੀ ਨਾਲ ਮੇਲੋ (ਜਿਵੇਂ 8 ਹਿੰਦਸਿਆਂ ਵਾਲੇ ਕਾਰਡ ਨੂੰ 8 ਚੀਜ਼ਾਂ ਨਾਲ)।
- ਡੋਮਿਨੋਜ਼ ਵੱਲ ਦੇਖੋ ਅਤੇ ਉਹ ਸਾਰੇ ਲੱਭੋ ਜਿਨ੍ਹਾਂ ’ਤੇ ਕੁੱਲ ________ਬਿੰਦੂ ਹਨ।

# ਵਿੱਥ ਸਬੰਧੀ ਸੋਚਣੀ

ਇਹ ਸਮਝਣ ਨਾਲ ਕਿ ਸਾਡੀ ਦੁਨੀਆਂ ਵਿਚ ਚੀਜ਼ਾਂ ਕਿੱਥੇ ਹਨ ਅਤੇ ਇਨ੍ਹਾਂ ਦਾ ਇਕ ਦੂਜੀ ਨਾਲ ਕੀ ਸਬੰਧ ਹੈ, ਸਾਨੂੰ ਦੁਨੀਆਂ ਬਾਰੇ ਸੂਝ ਪੈਦਾ ਕਰਨ ਵਿਚ ਮਦਦ ਮਿਲਦੀ ਹੈ।

> ਪੁੱਛਣ ਵਾਲੇ ਸਵਾਲ


- ਤੁਸੀਂ ਕੀ ਦੇਖਦੇ ਹੋ?
- ਕੀ ਹੋਵੇਗਾ ਜੇ__________?
- ਕੀ ਤੂੰ ਮੈਨੂੰ ਦੱਸ ਸਕਦਾ/ਸਕਦੀ ਏਂ ਕਿਉਂ_____?

> ਕਰਨ ਵਾਲੀਆਂ ਚੀਜ਼ਾਂ

- ਬਿਨਾਂ ਗਿਣਿਆਂ ਡਾਈਸ ਉਪਰਲੇ ਨਿਸ਼ਾਨਾਂ ਦੇ ਨਮੂਨਿਆਂ ਦੀ ਪਛਾਣ ਕਰੋ (ਜਿਵੇਂ ਬੱਚਿਆਂ ਨੂੰ ਡਾਈਸ ਉਪਰਲੇ ਨੰਬਰ ਬੋਲਣ ਦਿਉ)।
- “ਆਈ ਸਪਾਈ” ਖੇਡਦੇ ਹੋਏ ਸ਼ਕਲ ਦੀ ਭਾਲ ਕਰੋ; “ਮੈਨੂੰ ਕਿਸੇ ਗੋਲ ਚੀਜ਼ ਦੀ ਸੂਹ ਮਿਲੀ ਹੈ।”
- ਬਲੌਕਾਂ ਨਾਲ ਉਸਾਰੀ ਕਰੋ। ਸ਼ੇਪ ਬਲੌਕਾਂ ਨਾਲ ਡਿਜ਼ਾਇਨ ਬਣਾਉ।
- ਸ਼ੇਪ ਟਿਕਲ ਖੇਡੋ (ਆਪਣੇ ਬੱਚੇ ਦੀ ਪਿੱਠ ’ਤੇ ਕੋਈ ਚੀਜ਼ ਬਣਾਉ ਜਿਸ ਦੀ ਉਹ ਪਛਾਣ ਕਰ ਸਕਦਾ ਹੋਵੇ)।
- ਪਜ਼ਲਾਂ ਅਤੇ ਗੇਮਾਂ ਨਾਲ ਖੇਡੋ ਜਿੱਥੇ ਕਿਸੇ ਥਾਂ ਵਿਚ ਕੋਈ ਚੀਜ਼ ਫਿੱਟ ਕਰਨਾ ਸ਼ਾਮਲ ਹੋਵੇ।
- ਤਸਵੀਰਾਂ ਦੀ ਵਰਤੋਂ ਨਾਲ ਜਿਗਸਾਅਜ਼ ਬਣਾਉ ਅਤੇ ਫਿਰ ਇਨ੍ਹਾਂ ਨੂੰ ਵਾਪਸ ਇਕੱਠਾ ਕਰੋ।
- ਆਪਣੇ ਬੈੱਡਰੂਮ, ਆਪਣੇ ਘਰ, ਜਾਂ ਆਪਣੇ ਆਂਢ-ਗੁਆਂਢ ਦਾ ਨਕਸ਼ਾ ਬਣਾਉ।
- ਖਜ਼ਾਨੇ ਦਾ ਸ਼ਿਕਾਰ ਖੇਡਦੇ ਹੋਏ ਪੋਜੀਸ਼ਨ ਸ਼ਬਦਾਂ ਦਾ ਅਭਿਆਸ ਕਰੋ – ਇਸ ਤਰ੍ਹਾਂ ਦੇ ਸੰਕੇਤ ਦੇਖੋ: ਉੱਪਰ, ਥੱਲੇ, ਉੱਤੇ, ਹੇਠਾਂ, ਕਰੀਬ ਕਰੀਬ, ਦੇ ਨੇੜੇ।
- ਟਰੇਅ ਵਿਚ ਕਾਂਟੇ-ਛੁਰੀਆਂ ਨੂੰ ਠੀਕ ਥਾਂ ਵਿਚ ਰੱਖੋ।



# 3 | ਮੈਥ ਸਾਰੇ ਮੌਸਮਾਂ ਲਈ




ਮੌਸਮ ਬੱਚਿਆਂ ਨੂੰ ਉਨ੍ਹਾਂ ਚੀਜ਼ਾਂ ਨਾਲ ਮੈਥ ਕਰਨ ਦੇ ਮੌਕੇ ਪ੍ਰਦਾਨ ਕਰਦੇ ਹਨ ਜਿਹੜੀਆਂ ਉਹ ਸਮਝਦੇ ਹਨ ਅਤੇ ਜਿਨ੍ਹਾਂ ਵਿਚ ਦਿਲਚਸਪੀ ਰੱਖਦੇ ਹਨ। ਉਨ੍ਹਾਂ ਨੂੰ ਇਸ ਤਰ੍ਹਾਂ ਦੇ ਸਵਾਲ ਪੁੱਛਦੇ ਹੋਏ ਮੌਸਮਾਂ ਵਿਚ ਆਉਂਦੀਆਂ ਤਬਦੀਲੀਆਂ ਬਾਰੇ ਪਤਾ ਲਾਉਣ ਲਈ ਉਤਸ਼ਾਹ ਦਿਓ:

- ਕੀ ਰਾਤ ਨੂੰ ਸੌਣ ਵੇਲਾ ਰੋਸ਼ਨੀ ਵਾਲਾ ਜਾਂ ਹਨੇਰੇ ਵਾਲਾ ਹੋ ਰਿਹਾ ਹੈ?
- ਸਾਲ ਦੇ ਇਸ ਸਮੇਂ ਦੌਰਾਨ ਬੂਟੇ ਕਿਵੇਂ ਬਦਲ ਜਾਂਦੇ ਹਨ? ਅਗਾਂਹ ਕੀ ਹੋਵੇਗਾ?
- ਕੀ ਅੱਜ ਠੰਢ ਜਾਂ ਗਰਮੀ ਹੈ? ਤੂੰ ਕਿਵੇਂ ਦੱਸ ਸਕਦਾ/ਸਕਦੀ ਏਂ?
- ਕੀ ਕੱਲ ਨੂੰ ਠੰਢ ਜਾਂ ਗਰਮੀ ਹੋਵੇਗੀ?

ਉਨ੍ਹਾਂ ਨੂੰ ਮੌਸਮੀ ਪਾਰਟੀ ਜਾਂ ਖਾਸ ਪ੍ਰੋਗਰਾਮ ਦੀ ਵਿਉਂਤ ਬਣਾਉਣ ਵਿਚ ਸ਼ਾਮਲ ਕਰੋ:

- ਉਨ੍ਹਾਂ ਨੂੰ ਪੁੱਛੋ ਕਿ ਖਾਸ ਦਿਨ ਵਿਚ ਕਿੰਨੇ ਦਿਨ ਰਹਿ ਗਏ ਹਨ।
- ਕੋਈ ਗਿਫਟ (ਤੋਹਫਾ) ਖਰੀਦਣ ਵੇਲੇ ਉਨ੍ਹਾਂ ਨੂੰ ਪੁੱਛੋ ਕਿ ਵੱਖ ਵੱਖ ਰਕਮ ਨਾਲ ਉਹ ਕਿਸ ਕਿਸਮ ਦਾ ਗਿਫਟ ਖਰੀਦ ਸਕਦੇ ਹਨ।
- ਗਿਫਟਾਂ ਨੂੰ ਆਕਾਰ (ਵੌਲੀਅਮ) ਜਾਂ ਭਾਰ (ਮਾਸ) ਮੁਤਾਬਕ ਛਾਂਟੋ।
- ਗਿਫਟ ਰੈਪ ਕਰਨ ਵੇਲੇ ਪੁੱਛੋ: ਤੈਨੂੰ ਕਿੰਨਾ ਰੈਪਿੰਗ ਪੇਪਰ ਚਾਹੀਦਾ ਹੈ? ਤੈਨੂੰ ਕਿੰਨਾ ਰਿਬਨ ਚਾਹੀਦਾ ਹੈ? ਕੀ ਗਿਫਟ ਇਸ ਬੌਕਸ ਵਿਚ ਫਿੱਟ ਹੋ ਜਾਵੇਗਾ?

## ਪੱਤਝੜ



> ਆਪਣੇ ਬੱਚੇ ਨੂੰ ਪੁੱਛੋ ਕਿ ਉਸ ਨੂੰ ਸਕੂਲ ਜਾਂਦੇ ਨੂੰ ਕਿੰਨੇ ਦਿਨ ਹੋ ਗਏ ਹਨ।

> ਪੱਤਿਆਂ ਨਾਲ ਖੇਡੋ:

- ਪੱਤਿਆਂ ਨੂੰ ਸ਼ਕਲ, ਆਕਾਰ, ਅਤੇ ਰੰਗ ਮੁਤਾਬਕ ਛਾਂਟੋ। ਹਰ ਗਰੁੱਪ ਦੀ ਗਿਣਤੀ ਕਰੋ।
- ਪੱਤਿਆਂ ਦੇ ਗਰੁੱਪਾਂ ਦੀ ਤੁਲਨਾ ਕਰੋ। ਪੁੱਛੋ ਕਿ ਕਿਸ ਗਰੁੱਪ ਵਿਚ ਜ਼ਿਆਦਾ ਜਾਂ ਘੱਟ ਹਨ ਜਾਂ ਇਕੋ ਜਿਹੇ ਹਨ।
- ਪੱਤਿਆਂ ਦੇ ਘੇਰੇ ਨੂੰ ਮਿਣਨ ਲਈ ਫੀਤੇ ਦੀ ਵਰਤੋਂ ਕਰੋ।
- ਆਪਣੇ ਬੱਚੇ ਨੂੰ ਕਹੋ ਕਿ ਉਹ ਅਜਿਹਾ ਪੱਤਾ ਲੱਭੇ ਜਿਹੜਾ ਤੁਹਾਡੇ ਹੱਥ ਜਿੱਡਾ ਹੈ, ਤੁਹਾਡੇ ਹੱਥ ਨਾਲੋਂ ਵੱਡਾ ਹੈ, ਜਾਂ ਤੁਹਾਡੇ ਹੱਥ ਨਾਲੋਂ ਛੋਟਾ ਹੈ।
- ਆਪਣੇ ਬੱਚੇ ਨੂੰ ਪੁੱਛੋ ਕਿ ਉਹ ਆਪਣੇ ਇਕ ਹੱਥ ਵਿਚ ਕਿੰਨੇ ਪੱਤੇ ਫੜ ਸਕਦਾ/ਸਕਦੀ ਹੈ (ਅੰਦਾਜ਼ਨ)।

> ਕੱਦੂ ਦੀ ਵਰਤੋਂ ਕਰੋ:

- ਪੁੱਛੋ ਕਿ ਕਿਹੜਾ ਕੱਦੂ (ਪੰਪਕਿਨ) ਭਾਰਾ ਅਤੇ ਕਿਹੜਾ ਆਲੇ ਦੁਆਲੇ ਨੂੰ ਵੱਡਾ ਹੈ।
- ਕੱਦੂ ਨੂੰ ਜੈਕ-ਓ-ਲੈਂਟਰਨ ਵਿਚ ਕੱਟੋ।
- ਕੱਦੂ ਨੂੰ ਆਕਾਰ ਮੁਤਾਬਕ ਕੱਟੋ (ਜਿਵੇਂ ਵੱਡੇ ਤੋਂ ਛੋਟਾ, ਘੱਟ ਤੋਂ ਘੱਟ ਹਰੇ ਤੋਂ ਵੱਧ ਤੋਂ ਵੱਧ ਹਰੇ ਤੱਕ)।
- ਇਕੱਠੇ ਬੀਜ ਗਿਣੋ।

> ਹਾਲੋਵੀਨ ਟਰੀਟਸ ਛਾਂਟੋ:

- ਆਪਣੀ ਪਸੰਦ ਅਤੇ ਨਾਪਸੰਦ ਦੇ ਛਾਂਟੋ।
- ਟਰੀਟਸ ਨੂੰ ਗਰੁੱਪਾਂ ਵਿਚ ਰੱਖੋ (ਜਿਵੇਂ ਸ਼ਕਲਾਂ, ਅਕਾਰਾਂ ਮੁਤਾਬਕ, ਚੌਕਲੇਟ ਜਾਂ ਚਿਪਸ)।
- ਆਪਣੇ ਬੱਚੇ ਨੂੰ ਕਹੋ ਕਿ ਉਹ ਇਕ ਗਰੁੱਪ ਲਵੇ ਅਤੇ ਇਸ ਦੇ ਦੋ ਵੱਖ ਵੱਖ ਗਰੁੱਪ ਬਣਾਵੇ।

## ਸਰਦੀਆਂ

> ਆਪਣੇ ਬੱਚੇ ਨੂੰ ਪੁੱਛੋ ਕਿ ਉਹ ਕਿੰਨੇ ਦਿਨ ਸਕੂਲ ਗਿਆ/ਗਈ ਹੈ

> ਪੁੱਛੋ ਕਿ ਸਰਦੀਆਂ ਦੀਆਂ ਛੁੱਟੀਆਂ (ਵਿੰਟਰ ਬਰੇਕ) ਵਿਚ ਕਿੰਨੇ ਦਿਨ ਰਹਿ ਗਏ ਹਨ।

> ਮੌਸਮੀ ਲਾਈਟਾਂ ਵਿਚਲੇ ਨਮੂਨੇ (ਪੈਟਰਨ) ਦੇਖੋ। ਉਸ ਨੂੰ ਪੁੱਛੋ ਕਿ ਉਹ ਜ਼ਿਆਦਾ ਕਿਹੜਾ ਰੰਗ ਦੇਖਦਾ/ਦੇਖਦੀ ਹੈ।

> ਸਨੋਅ ਜਾਂ ਮੀਂਹ ਦਾ ਫਾਇਦਾ ਲਵੋ:

- ਉਸ ਨੂੰ ਪੁੱਛੋ ਕਿ ਅੱਜ ਕਿੰਨਾ ਮੀਂਹ ਪਿਆ ਹੈ ਜਾਂ ਸਨੋਅ ਪਈ ਹੈ।
- ਬੂਟ, ਜਾਂ ਕੋਟ ਜਾਂ ਦਸਤਾਨੇ ਦੇ ਸਹੀ ਸਾਈਜ਼ ਦੀ ਚੋਣ ਕਰਨ ਬਾਰੇ ਗੱਲ ਕਰੋ। ਉਸ ਨੂੰ ਪੁੱਛੋ ਕਿ ਕਿਹੜਾ ਫਿੱਟ ਆਵੇਗਾ।
- ਸਨੋਅ ਦਾ ਕਿਲਾ ਬਣਾਉ। ਵੱਖ ਵੱਖ ਸ਼ਕਲਾਂ ਬਾਰੇ ਗੱਲ ਕਰੋ।
- ਪੁੱਛੋ ਕਿ ਇਸ ਹਫਤੇ ਵਿਚ ਕਿੰਨੇ ਦਿਨ ਧੁੱਪ ਨਿਕਲੀ ਅਤੇ ਕਿੰਨੇ ਦਿਨ ਮੀਂਹ ਪਿਆ।
- ਚਲ੍ਹਿਆਂ ਬਾਰੇ ਪੁੱਛੋ: "ਇਹ ਚਲ੍ਹਾ ਕਿੰਨਾ ਡੂੰਘਾ ਹੈ? ਕਿਹੜਾ ਚਲ੍ਹਾ ਸੱਭ ਤੋਂ ਜ਼ਿਆਦਾ ਡੂੰਘਾ ਹੈ? ਕਿਸ ਚਲ੍ਹੇ ਵਿਚ ਸੱਭ ਤੋਂ ਜ਼ਿਆਦਾ ਪਾਣੀ ਹੈ?"
- ਕਾਰ, ਕਿਸੇ ਦਰੱਖਤ ਜਾਂ ਸਾਈਡਵਾਕ ਤੱਕ ਜਾਣ ਲਈ ਸਨੋਅ ਵਿਚ ਰਾਹ ਬਣਾਉ। ਪੁੱਛੋ ਕਿ ਬੂਟ ਦੇ ਕਿੰਨੇ ਪਰਿੰਟ ਲੱਗੇ ਹਨ।
- ਸਨੋਅ ਤੋਂ ਬਣੀਆਂ ਗੇਂਦਾਂ ਦੀ ਤੁਲਨਾ ਕਰੋ ਅਤੇ ਇਹ ਅਕਾਰ ਮੁਤਾਬਕ ਬਣਾਉਣ ਲਈ ਕਹੋ।

# ਬਹਾਰ ਰੁੱਤ

> ਪੰਛੀਆਂ ਦੇ ਗੀਤ ਸੁਣੋ। ਪੁੱਛੋ: "ਤੈਨੂੰ ਕਿਹੜਾ ਪੈਟਰਨ ਸੁਣਾਈ ਦਿੰਦਾ ਹੈ? ਕੀ ਤੂੰ ਇਹ ਸੁਣਾ ਸਕਦਾ/ਸਕਦੀ ਏਂ?"


> ਬੀਜਾਂ ਨੂੰ ਗਿਣੋ ਅਤੇ ਛਾਂਟੋ।

> ਇਹ ਪੁੱਛਦੇ ਹੋਏ ਵੱਖ ਵੱਖ ਬੂਟਿਆਂ ਦੀ ਤੁਲਨਾ ਕਰੋ ਕਿ ਕਿਹੜੇ ਬੀਜ ਦਾ ਸੱਭ ਤੋਂ ਵੱਡਾ ਬੂਟਾ ਬਣੇਗਾ।

> ਬੂਟੇ ਦੇ ਵਾਧੇ ਨੂੰ ਮਿਣੋ। ਪੁੱਛੋ ਕਿ ਕੀ ਇਹ ਬੂਟਾ ਤੇਰੇ ਗੋਡੇ ਨਾਲੋਂ ਵੱਡਾ ਹੋ ਜਾਵੇਗਾ।

> ਫੁੱਲ ਰੱਖਣ ਲਈ ਫੁੱਲਦਾਨ ਦੀ ਚੋਣ ਕਰੋ।

> ਆਪਣੇ ਬੱਚੇ ਨੂੰ ਬੇਸਬਾਲ ਸੁੱਟਣ ਲਈ ਕਹੋ। ਪੁੱਛੋ ਕਿ ਗੇਂਦ ਕਿੰਨੇ ਕਦਮ ਦੂਰ ਗਈ ਹੈ।




# ਗਰਮੀਆਂ

> ਆਪਣੇ ਬੱਚੇ ਨੂੰ ਕਹੋ ਕਿ ਉਹ ਇਹ ਅੰਦਾਜ਼ਾ ਲਾ ਕੇ ਦੱਸੇ ਕਿ ਵੀਹ ਦੀ ਗਿਣਤੀ ਕਰਨ ਤੱਕ ਉਹ ਕਿੰਨਾ ਦੂਰ ਨੱਠ ਕੇ ਜਾ ਸਕਦਾ/ਸਕਦੀ ਹੈ।

> ਆਪਣੇ ਬੱਚੇ ਨੂੰ ਇਹ ਅੰਦਾਜ਼ਾ ਲਾਉਣ ਲਈ ਕਹੋ ਕਿ ਪਲੇਅਗਰਾਊਂਡ ਤੱਕ ਕਿੰਨੇ ਕਦਮ ਹਨ।

> ਸੱਭ ਤੋਂ ਲੰਮੀ ਥਰੋਅ ਜਾਂ ਲੰਮੀ ਕਿੱਕ ਨੂੰ ਕਦਮਾਂ ਦੀ ਗਿਣਤੀ ਵਿਚ ਮਾਪੋ। ਆਪਣੇ ਬੱਚੇ ਨੂੰ ਪੁੱਛੋ ਕਿ ਉਹ ਕਿਸੇ ਹੋਰ ਤਰੀਕੇ ਨਾਲ ਕਿਵੇਂ ਮਿਣ ਸਕਦਾ/ਸਕਦੀ ਹੈ।

> ਆਪਣੇ ਬੱਚੇ ਨੂੰ ਕਹੋ ਕਿ ਉਹ ਸਿੱਪੀਆਂ, ਬੀਚ ਗੇਂਦਾਂ, ਅਤੇ ਬੀਚ ਤੌਲੀਏ ਵਿਚਲੇ ਨਮੂਨਿਆਂ ਬਾਰੇ ਦੱਸੇ।





> ਪੁੱਛੋ ਕਿ ਇਕ ਬਾਲਟੀ ਵਿਚ ਰੇਤ ਦੇ ਕਿੰਨੇ ਕੜਛੇ ਹਨ।

> ਆਪਣੇ ਬੱਚੇ ਨੂੰ ਕਹੋ ਕਿ ਉਹ ਸਿੱਪੀਆਂ ਨੂੰ ਵੱਖ ਵੱਖ ਤਰੀਕਿਆਂ ਨਾਲ ਛਾਂਟੇ ਅਤੇ ਦੱਸੇ ਕਿ ਇਹ ਕਿਵੇਂ ਛਾਂਟੇ ਗਏ ਹਨ।

> ਸਿੱਪੀਆਂ ਨੂੰ ਨਮੂਨਿਆਂ ਵਿਚ ਰੱਖੋ। ਪੁੱਛੋ ਕਿ ਅਗਾਂਹ ਕਿਹੜਾ ਨਮੂਨਾ ਆਵੇਗਾ।

> ਆਪਣੇ ਬੱਚੇ ਨੂੰ ਰੇਤ ਵਿਚਲੇ ਨਮੂਨਿਆਂ ਨੂੰ ਚਿੱਤਰਣ ਅਤੇ ਕਾਪੀ ਕਰਨ ਦਿਉ। ਪੁੱਛੋ ਕਿ ਅਗਾਂਹ ਕਿਹੜਾ ਨਮੂਨਾ ਆਵੇਗਾ।

> ਆਪਣੇ ਬੱਚੇ ਨੂੰ ਪੁੱਛੋ ਕਿ ਜ਼ਿਆਦਾ ਲੋਕ ਪਾਣੀ ਵਿਚ ਹਨ ਜਾਂ ਬੀਚ 'ਤੇ ਹਨ।

**ਕੰਪਿਊਟਰ 'ਤੇ ਮੈਥ ਗੇਮਾਂ ਉਦੋਂ ਸੱਭ ਤੋਂ ਜ਼ਿਆਦਾ ਕਾਮਯਾਬ ਹੁੰਦੀਆਂ ਹਨ ਜਦੋਂ ਇਹ ਮਾਪੇ ਨਾਲ ਰਲ ਕੇ ਖੇਡੀਆਂ ਜਾਂਦੀਆਂ ਹਨ ਜੋ ਕਿ ਕੌਨਸੈਪਟਸ ਅਤੇ ਲਫਾਜ਼ੀ ਸੋਚਣੀ ਬਾਰੇ ਗੱਲ ਕਰਨ ਲਈ ਮੌਜੂਦ ਹੁੰਦਾ ਹੈ।**

# 4 | ਮੈਥ ਲਈ ਵਧੀਆ ਮਾਹੌਲ ਤਿਆਰ ਕਰਨਾ

ਘਰ ਅਤੇ ਸਕੂਲ ਵਿਚ ਮੈਥ ਲਈ ਵਧੀਆ ਅਤੇ ਹਾਂਪੱਖੀ ਮਾਹੌਲ ਤਿਆਰ ਕਰਨਾ ਬੱਚਿਆਂ ਦੀ ਹਿਸਾਬ ਵਿਚ ਕਾਮਯਾਬੀ ਲਈ ਜ਼ਰੂਰੀ ਹੈ। ਮੈਥ ਲਈ ਵਧੀਆ ਮਾਹੌਲ:

> ਸਵੈਵਿਸ਼ਵਾਸ ਨੂੰ ਉਤਸ਼ਾਹ ਦਿੰਦਾ ਹੈ ਅਤੇ ਬੱਚੇ ਇਹ ਯਕੀਨ ਕਰਦੇ ਹਨ ਕਿ ਉਹ ਮੈਥ "ਕਰ" ਸਕਦੇ ਹਨ

> ਬੱਚਿਆਂ ਨੂੰ ਕੋਸ਼ਿਸ਼ ਕਰਨ ਬਾਰੇ ਠੀਕ ਮਹਿਸੂਸ ਕਰਵਾਉਣ ਵਿਚ ਮਦਦ ਕਰਦਾ ਹੈ

> ਅਜਿਹੀਆਂ ਸਮੱਸਿਆਵਾਂ ਦੀ ਵਰਤੋਂ ਕਰਦਾ ਹੈ ਜਿਹੜੀਆਂ ਕਈ ਤਰੀਕਿਆਂ ਨਾਲ ਹੱਲ ਕੀਤੀਆਂ ਜਾ ਸਕਦੀਆਂ ਹਨ

> ਬੱਚਿਆਂ ਨੂੰ ਕੰਮ ਕਰਨ ਦੇ ਨਵੇਂ ਤਰੀਕੇ ਵਰਤਣ ਲਈ ਉਤਸ਼ਾਹ ਦਿੰਦਾ ਹੈ

> ਬੱਚਿਆਂ ਨੂੰ ਪਤਾ ਲਾਉਣ ਦੀ ਖੁਲ੍ਹ ਦਿੰਦਾ ਹੈ

> ਬੱਚਿਆਂ ਵਿਚ ਤਰਕ ਪੈਦਾ ਕਰਨ ਲਈ ਚੰਗੇ ਸਵਾਲਾਂ ਦੀ ਵਰਤੋਂ ਕਰਦਾ ਹੈ

> ਬੱਚਿਆਂ ਨੂੰ ਆਪਣੀ ਸੋਚਣੀ ਬਾਰੇ ਗੱਲ ਕਰਨ ਅਤੇ ਇਹ ਪ੍ਰਗਟ ਕਰਨ ਲਈ ਉਤਸ਼ਾਹ ਦਿੰਦਾ ਹੈ

> ਨਵੇਂ ਤਰੀਕਿਆਂ ਅਤੇ ਖਿਆਲਾਂ ਬਾਰੇ ਜਾਣਨ ਲਈ ਉਨ੍ਹਾਂ ਦੀ ਜਾਣਕਾਰੀ ਨੂੰ ਵਰਤਣ ਵਿਚ ਬੱਚਿਆਂ ਦੀ ਮਦਦ ਕਰਦਾ ਹ

> ਇਕ ਤਰੀਕੇ ਦੀ ਬਜਾਏ ਵੱਖ ਵੱਖ ਜੁਗਤਾਂ ਦੀ ਵਰਤੋਂ ਨੂੰ ਪ੍ਰਵਾਨ ਕਰਦਾ ਹੈ

> ਇਸ ਚੀਜ਼ ਦੀ ਕਦਰ ਕਰਦਾ ਹੈ ਕਿ ਬੱਚਿਆਂ ਨੂੰ ਆਪਣੇ ਮੈਥ ਵਿਚ ਤਰੱਕੀ ਕਰਨ ਲਈ ਸਮੇਂ ਦੀ ਲੋੜ ਹੁੰਦੀ ਹੈ ਛੋਟੇ ਬੱਚੇ ਚੀਜ਼ਾਂ ਨਾਲ ਕੰਮ ਕਰਦੇ ਹੋਏ ਬਿਹਤਰ ਸਿੱਖਦੇ ਹਨ। ਅਸਲੀ ਚੀਜ਼ਾਂ ਦਾ ਤਜਰਬਾ, ਮੈਥ ਬਾਰੇ ਖਿਆਲਾਂ ਦੀ ਆਪਣੇ ਦਿਮਾਗਾਂ ਵਿਚ ਤਸਵੀਰ ਬਣਾਉਣ ਵਿਚ ਉਨ੍ਹਾਂ ਦੀ ਮਦਦ ਕਰਦਾ ਹੈ।

# 5 | ਨਿਊਮਰੇਸੀ ਕੀ ਹੈ?

ਨਿਊਮਰੇਸੀ, ਮੈਥ ਨੂੰ ਸਮਝਣ ਅਤੇ ਜ਼ਿੰਦਗੀ ਦੀਆਂ ਅਸਲੀ ਹਾਲਤਾਂ ਵਿਚ ਇਸ ਨੂੰ ਅਸਰਦਾਰ ਤਰੀਕੇ ਨਾਲ ਵਰਤਣ ਦੀ ਯੋਗਤਾ ਹੈ। ਹਿਸਾਬ ਜਾਣਦੇ ਲੋਕ:

> ਜੋ ਜਾਣਦੇ ਹਨ ਉਸ ਦੀ ਵਰਤੋਂ ਜੋ ਨਹੀਂ ਜਾਣਦੇ ਦਾ ਹਿਸਾਬ ਲਾਉਣ ਲਈ ਕਰ ਸਕਦੇ ਹਨ

> ਕਿਸੇ ਨੁਕਤੇ ਨੂੰ ਸਾਬਤ ਕਰਨ ਲਈ ਤਰਕ ਅਤੇ ਸਬੂਤਾਂ ਦੀ ਵਰਤੋਂ ਕਰ ਸਕਦੇ ਹਨ

> ਨੰਬਰਾਂ, ਚਿੰਨ੍ਹਾਂ ਅਤੇ ਰੇਖਾਗਣਿਤ ਵਸਤਾਂ ਨਾਲ ਕੰਮ ਕਰਨ ਵੇਲੇ ਇਹ ਬਿਆਨ ਕਰ ਸਕਦੇ ਹਨ ਕਿ ਉਹ ਕੀ ਕਰ ਰਹੇ ਹਨ

> ਸਮੱਸਿਆਵਾਂ ਦਾ ਹੱਲ ਕਰਨ ਲਈ ਇਹ ਜਾਣਦੇ ਹੁੰਦੇ ਹਨ ਕਿ ਉਨ੍ਹਾਂ ਨੇ ਕੀ ਕਰਨਾ ਹੈ ਅਤੇ ਕਿਉਂ ਕਰਨਾ ਹੇ

> ਆਪਣੇ ਖਿਆਲਾਂ ਬਾਰੇ ਗੱਲ ਕਰ ਸਕਦੇ ਹਨ ਅਤੇ ਆਪਣੀ ਸੋਚਣੀ ਪ੍ਰਗਟ ਕਰ ਸਕਦੇ ਹਨ। ਹਿਸਾਬ ਜਾਣਦੇ ਲੋਕ ਨੰਬਰਾਂ ਅਤੇ ਚਿੰਨ੍ਹਾਂ ਨਾਲ ਕੰਮ ਕਰਨ ਵੇਲੇ ਇਹ ਬਿਆਨ ਕਰ ਸਕਦੇ ਹਨ ਕਿ ਉਹ ਕੀ ਕਰ ਰਹੇ ਹਨ।

# 6 | ਨਿਊਮਰੇਸੀ ਨਾਲ ਸੰਬੰਧਿਤ ਵੈੱਬਸਾਈਟ

ਮੈਥ ਦੀਆਂ ਗੇਮਾਂ ਲਈ ਬਹੁਤ ਸਾਰੇ ਵੈੱਬਸਾਈਟ ਹਨ। ਵੈੱਬਸਾਈਟਾਂ ਦੀ ਅੱਗੇ ਦਿੱਤੀ ਲਿਸਟ ਬੱਚਿਆਂ ਦੀ ਮੈਥ ਸਮਝਣ ਵਿਚ ਮਦਦ ਕਰ ਸਕਦੀ ਹੈ।

**www.ed.gov/pubs/parents/LearnPtnrs/math.html**
ਇਸ ਵੈੱਬਸਾਈਟ ਨੂੰ "ਲਰਨਿੰਗ ਪਾਰਟਨਰਜ਼ – ਲੈੱਟਸ ਡੂ ਮੈਥ" ਕਿਹਾ ਜਾਂਦਾ ਹੈ ਅਤੇ ਇਸ ਵੈੱਬਸਾਈਟ ਉੱਪਰ ਬਹੁਤ ਸਾਰੀਆਂ ਗੇਮਾਂ ਅਤੇ ਘਰ ਵਿਚ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਹਨ।

**www.kidsdomain.com/games/math2.html**
ਛੋਟੇ ਬੱਚਿਆਂ ਲਈ ਤਕਰੀਬਨ 20 ਗੇਮਾਂ ਹਨ ਜਿਹੜੀਆਂ ਮੁੱਖ ਤੌਰ 'ਤੇ ਗਿਣਨ ਅਤੇ ਨੰਬਰਾਂ ਦੀ ਪਛਾਣ ਨਾਲ ਸੰਬੰਧਿਤ ਹਨ। ਇਕ ਭਾਗ ਵੱਡੇ ਬੱਚਿਆਂ ਲਈ ਵੀ ਹੈ।

**www.eduplace.com/math/brain**
ਇਹ ਵੈੱਬਸਾਈਟ ਹਰ ਬੁੱਧਵਾਰ ਨੂੰ ਇਕ ਨਵੀਂ ਪ੍ਰੋਬਲਮ-ਸੌਲਵਿੰਗ ਪੇਸ਼ ਕਰਦਾ ਹੈ। ਇਸ ਦਾ ਪੱਧਰ ਗਰੇਡ 3 ਦਾ ਹੁੰਦਾ ਹੈ ਅਤੇ ਇਹ ਪ੍ਰਾਇਮਰੀ ਸਕੂਲ ਦੇ ਹਰ ਉਸ ਬੱਚੇ ਲਈ ਢੁਕਵਾਂ ਹੈ ਜਿਹੜਾ ਚੁਣੌਤੀਆਂ ਵਾਲੀਆਂ ਪ੍ਰੋਬਲਮਾਂ ਲਈ ਤਿਆਰ ਹੈ।

**www.Mathstories.com**
ਗਰੇਡ 1-5 ਦੇ ਬੱਚਿਆਂ ਲਈ ਸਟੋਰੀ ਪ੍ਰੋਬਲਮਾਂ ਦਾ ਇਕ ਵਧੀਆ ਸ੍ਰੋਤ ਹੈ। ਇਹ ਵੈੱਬਸਾਈਟ, ਐੱਨ ਸੀ ਟੀ ਐੱਮ (ਨੈਸ਼ਨਲ ਕੌਂਸਲ ਆਫ ਟੀਚਰਜ਼ ਆਫ ਮੈਥ) ਅਤੇ ਸੀ ਜੀ ਆਈ (ਕੌਗਨਿਟਵਲੀ ਗਾਈਡਡ ਇਨਸਟਰੱਕਸ਼ਨ) ਤੋਂ ਮਾਨਤਾ ਪ੍ਰਾਪਤ ਹੈ। ਇਸ ਵੈੱਬਸਾਈਟ ਦੀ ਵਰਤੋਂ ਕਰਨ ਲਈ ਰਜਿਸਟਰੇਸ਼ਨ ਫੀਸ ਦੇਣ ਪੈਂਦੀ ਹੈ।

**www.mathbrain.com**
ਇਸ ਵਿਚ ਮੈਥ ਬੇਸਬਾਲ ਵਰਗੀਆਂ ਗੇਮਾਂ ਸ਼ਾਮਲ ਹਨ। ਇਹ ਸਾਈਟ ਤੁਹਾਨੂੰ ਉਮਰ ਦੇ ਪੱਧਰ ਮੁਤਾਬਕ ਗੇਮ ਦੀ ਚੋਣ ਕਰਨ ਦਿੰਦੀ ਹੈ।

## ਪੜ੍ਹਾਈ ਪ੍ਰਤੀ ਸਾਡੀ ਵਚਨਬੱਧਤਾ

ਪੜ੍ਹਾਈ ਇਕ ਸੱਭ ਤੋਂ ਮਹੱਤਵਪੂਰਨ ਇਨਵੈਸਟਮੈਂਟ ਹੈ ਜਿਹੜੀ ਕਿ ਅਸੀਂ ਆਪਣੇ ਬੱਚਿਆਂ ਦੀ ਜ਼ਿੰਦਗੀ ਵਿਚ ਕਰ ਸਕਦੇ ਹਾਂ। ਬੀ.ਸੀ. ਦਾ ਸੂਬਾ ਸੱਭ ਤੋਂ ਵਧੀਆ ਸਿਸਟਮ ਤਿਆਰ ਕਰਨ ਲਈ ਵਚਨਬੱਧ ਹੈ ਜਿਹੜਾ ਵਿਦਿਆਰਥੀਆਂ ਨੂੰ ਤਰਜੀਹ ਦਿੰਦਾ ਹੈ। ਜ਼ਿਆਦਾ ਜਾਣਕਾਰੀ ਲਈ, AchieveBC.ca ਵੈੱਬਸਾਈਟ ਦੇਖੋ।